# ਜੇ ਕੰਮ 'ਤੇ ਕੋਈ ਸੱਟ ਲੱਗ ਜਾਵੇ ਜਾਂ ਬਿਮਾਰੀ ਹੋ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ

1

2

3

4

## ਜੇ ਤੁਸੀਂ ਕੰਮ 'ਤੇ ਜ਼ਖਮੀ ਜਾਂ ਬਿਮਾਰ ਹੋ ਜਾਂਦੇ ਹੋ

ਤੁਹਾਡੇ ਕੋਲ ਸੱਟ ਲੱਗਣ ਦੀ ਤਾਰੀਖ ਤੋਂ ਜਾਂ ਨਿਦਾਨ ਦੀ ਮਿਤੀ ਤੋਂ, WSIB ਨੂੰ ਆਪਣੀ ਸੱਟ ਜਾਂ ਬਿਮਾਰੀ ਬਾਰੇ ਦੱਸ ਕੇ ਲਾਭਾਂ ਲਈ ਦਾਅਵਾ ਕਰਨ ਲਈ ਛੇ ਮਹੀਨੇ ਹਨ।

ਤੁਹਾਨੂੰ ਆਪਣੇ ਕੰਮ ਵਾਲੀ ਥਾਂ ਦੀ ਸੱਟ ਜਾਂ ਬਿਮਾਰੀ ਬਾਰੇ ਦੱਸਣਾ ਚਾਹੀਦਾ ਹੈ ਭਾਵੇਂ:

- ਤੁਹਾਡਾ ਸੁਪਰਵਾਈਜ਼ਰ ਜਾਂ ਮੈਨੇਜਰ ਤੁਹਾਨੂੰ ਇਸ ਬਾਰੇ ਰਿਪੋਰਟ ਨਾ ਕਰਨ ਲਈ ਕਹਿੰਦਾ ਹੈ, ਜਾਂ ਇਹ ਕਹਿੰਦਾ ਹੈ ਕਿ ਜੇ ਤੁਸੀਂ ਇਸ ਦੀ ਰਿਪੋਰਟ ਕਰੋਗੇ ਤਾਂ ਤੁਸੀਂ ਆਪਣੀ ਨੌਕਰੀ ਗੁਆ ਲਓਗੇ
- ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਦੱਸਦਾ ਹੈ ਕਿ ਤੁਹਾਡੀ ਸੱਟ ਜਾਂ ਬਿਮਾਰੀ WSIB ਦੁਆਰਾ ਕਵਰ ਨਹੀਂ ਕੀਤੀ ਜਾਂਦੀ
- ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਕੰਮ ਦੀ ਥਾਂ ਦੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਦੀ ਬਜਾਏ, ਉਸ ਤੋਂ ਰਿਕਵਰ ਹੋਣ ਲਈ ਸਿੱਕ ਦਿਨਾਂ (sick days) ਦੀ ਵਰਤੋਂ ਕਰਨ ਲਈ ਕਹਿੰਦਾ ਹੈ

## ਕਾਰੋਬਾਰ

ਤੁਹਾਡੇ ਲਈ ਕੰਮ ਵਾਲੀ ਥਾਂ 'ਤੇ ਸੱਟ ਜਾਂ ਬਿਮਾਰੀ ਬਾਰੇ ਪਤਾ ਲੱਗਣ ਦੇ ਤਿੰਨ ਕਾਰੋਬਾਰੀ ਦਿਨਾਂ ਦੇ ਅੰਦਰ WSIB ਨੂੰ ਰਿਪੋਰਟ ਕਰਨਾ ਜ਼ਰੂਰੀ ਹੈ।

ਤੁਸੀਂ ਆਪਣੇ ਕਾਰੋਬਾਰ ਵਿਚ ਕਿਸੇ ਵੀ ਵਿਅਕਤੀ ਦੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੋ, ਜਿਸ ਵਿੱਚ ਪਰਿਵਾਰਕ, ਸੀਜ਼ਨਲ ਜਾਂ ਅਸਥਾਈ ਕਰਮਚਾਰੀ, ਕੁਝ ਘਰੇਲੂ ਕਰਮਚਾਰੀ, ਨਿਰਮਾਣ ਕਾਰਜ ਕਰ ਰਹੇ ਲੋਕ, ਵਿਦਿਆਰਥੀ, ਅਪਰੈਂਟਿਸ ਅਤੇ ਟ੍ਰੇਨਿੰਗ ਵਿੱਚ ਹਿੱਸਾ ਲੈਣ ਵਾਲੇ ਸ਼ਾਮਲ ਹਨ।

ਜੇ ਤੁਸੀਂ ਨਿਸ਼ਚਤ ਨਹੀਂ ਹੋ ਕਿ ਸੱਟ ਜਾਂ ਬਿਮਾਰੀ ਕੰਮ ਸੰਬੰਧੀ ਹੈ, ਤੁਹਾਡੇ ਲਈ ਇਸ ਦੀ ਰਿਪੋਰਟ ਕਰਨਾ ਜ਼ਰੂਰੀ ਹੈ। ਅਸੀਂ ਫੈਸਲਾ ਲੈਂਦੇ ਹਾਂ ਕਿ ਸੱਟ ਜਾਂ ਬਿਮਾਰੀ ਕੰਮ ਨਾਲ ਸਬੰਧਤ ਹੈ ਜਾਂ ਨਹੀਂ।

ਕੰਮ ਵਾਲੀ ਥਾਂ ਤੇ ਹੋਣ ਵਾਲੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ ਕਿਸੇ ਨੂੰ ਰੋਕਣਾ ਕਾਨੂੰਨ ਦੇ ਵਿਰੁੱਧ ਹੈ।

ਕੰਮ ਵਾਲੀ ਥਾਂ 'ਤੇ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ QR ਕੋਡ ਨੂੰ ਸਕੈਨ ਕਰੋ ਜਾਂ **wsib.ca/reporting** 'ਤੇ ਜਾਓ।

WSIB Ontario

0087 WEB (01/2025) Punjabi Gurmukhi

# ਜੇ ਕੰਮ 'ਤੇ ਕੋਈ ਸੱਟ ਲੱਗ ਜਾਵੇ ਜਾਂ ਬਿਮਾਰੀ ਹੋ ਜਾਵੇ ਤਾਂ ਇੰਨ੍ਹਾਂ ਕਦਮਾਂ ਦੀ ਪਾਲਣਾ ਕਰੋ:

| ਕਦਮ | ਜੇ ਤੁਸੀਂ ਕੰਮ 'ਤੇ ਜ਼ਖਮੀ ਜਾਂ ਬਿਮਾਰ ਹੋ ਜਾਂਦੇ ਹੋ | ਕਾਰੋਬਾਰ |
|---|---|---|
| **1** **ਮੈਡੀਕਲ ਸਹਾਇਤਾ ਪ੍ਰਾਪਤ ਕਰੋ** | ਤੁਰੰਤ ਫਸਟ ਏਡ ਪ੍ਰਾਪਤ ਕਰੋ। ਜੇ ਤੁਹਾਨੂੰ ਹੋਰ ਇਲਾਜ ਦੀ ਲੋੜ ਹੈ ਤਾਂ ਸਿਹਤ ਪੇਸ਼ੇਵਰ ਨੂੰ ਮਿਲੋ ਜਾਂ ਹਸਪਤਾਲ ਜਾਓ। ਸੱਟ ਲੱਗਣ ਵਾਲੇ ਦਿਨ ਤੁਹਾਡਾ ਰੋਜ਼ਗਾਰਦਾਤਾ ਆਵਾਜਾਈ ਲਈ ਭੁਗਤਾਨ ਕਰਦਾ ਹੈ। | ਫਸਟ ਏਡ ਮੁਹੱਈਆ ਕਰੋ ਅਤੇ ਪ੍ਰਦਾਨ ਕੀਤੇ ਗਏ ਇਲਾਜ ਦੇ ਸਹੀ ਰਿਕਾਰਡ ਰੱਖੋ। ਜੇਕਰ ਤੁਹਾਡੇ ਕਰਮਚਾਰੀ ਨੂੰ ਸਿਹਤ ਸੰਭਾਲ ਇਲਾਜ ਦੀ ਲੋੜ ਹੈ, ਤਾਂ ਤੁਹਾਡੇ ਲਈ ਜਾਂ ਤਾਂ ਉਹਨਾਂ ਨੂੰ ਸਿਹਤ ਪੇਸ਼ੇਵਰ ਕੋਲ ਲਿਜਾਣਾ ਜਾਂ ਸੱਟ ਲੱਗਣ ਵਾਲੇ ਦਿਨ ਉਹਨਾਂ ਦੀ ਆਵਾਜਾਈ ਦੀ ਲਾਗਤ ਦਾ ਭੁਗਤਾਨ ਕਰਨਾ ਜ਼ਰੂਰੀ ਹੈ। |
| **2** **ਲਿਖਤੀ ਪ੍ਰਮਾਣ ਰੱਖੋ** | ਆਪਣੇ ਰੋਜ਼ਗਾਰਦਾਤਾ ਨੂੰ ਆਪਣੀ ਸੱਟ ਜਾਂ ਬਿਮਾਰੀ ਅਤੇ ਤੁਹਾਡੇ ਦੁਆਰਾ ਪ੍ਰਾਪਤ ਕਿਸੇ ਡਾਕਟਰੀ ਇਲਾਜ ਦੇ ਬਾਰੇ ਜਿੰਨੀ ਜਲਦੀ ਸੰਭਵ ਹੋਵੇ ਦੱਸੋ। ਜਿੰਨਾ ਸੰਭਵ ਹੋ ਸਕੇ ਵੇਰਵੇ ਦਿਓ। | ਜਦੋਂ ਕੋਈ ਕਰਮਚਾਰੀ ਕੰਮ ਨਾਲ ਸਬੰਧਤ ਸੱਟ ਜਾਂ ਬਿਮਾਰੀ ਦਾ ਅਨੁਭਵ ਕਰਦਾ ਹੈ, ਤਾਂ ਕਰਮਚਾਰੀ ਦੁਆਰਾ ਰਿਪੋਰਟ ਕੀਤੇ ਅਨੁਸਾਰ ਸੱਟ ਜਾਂ ਬਿਮਾਰੀ ਅਤੇ ਉਸਦੇ ਕਾਰਨ ਬਾਰੇ ਵੇਰਵੇ ਪ੍ਰਾਪਤ ਕਰੋ। ਆਪਣੇ ਫਸਟ ਏਡ ਰਿਕਾਰਡ ਦੇ ਨਾਲ ਇਸ ਜਾਣਕਾਰੀ ਦੇ ਲਿਖਤੀ ਪ੍ਰਮਾਣ ਰੱਖੋ। |
| **3** **WSIB ਨੂੰ ਰਿਪੋਰਟ ਕਰੋ** | ਤੁਸੀਂ ਵਰਕਰ ਦੀ ਸੱਟ/ਬਿਮਾਰੀ ਦੀ ਰਿਪੋਰਟ (ਫਾਰਮ 6) ਜਮ੍ਹਾ ਕਰਨ ਲਈ QR ਕੋਡ ਨੂੰ ਸਕੈਨ ਕਰ ਸਕਦੇ ਹੋ ਜਾਂ **wsib.ca/reporting** 'ਤੇ ਜਾ ਸਕਦੇ ਹੋ ਜੇ:<br>• ਤੁਹਾਨੂੰ ਕਿਸੇ ਸਿਹਤ ਪੇਸ਼ੇਵਰ ਤੋਂ ਇਲਾਜ ਦੀ ਲੋੜ ਹੈ, ਜਾਂ<br>• ਤੁਸੀਂ ਕੰਮ 'ਤੇ ਜਾਣ ਵਿੱਚ ਅਸਮਰੱਥ ਹੋ, ਜਾਂ<br>• ਤੁਹਾਨੂੰ ਘੱਟ ਤਨਖਾਹ ਦਿੱਤੀ ਜਾ ਰਹੀ ਹੈ ਜਾਂ ਕੰਮ ਦੇ ਘੱਟ ਘੰਟੇ ਮਿਲ ਰਹੇ ਹਨ, ਜਾਂ<br>• ਤੁਹਾਨੂੰ ਸੱਤ ਕੈਲੰਡਰ ਦਿਨਾਂ ਤੋਂ ਵੱਧ ਲਈ ਨਿਯਮਤ ਤਨਖਾਹ 'ਤੇ ਸੋਧੇ ਹੋਏ ਕੰਮ ਦੀ ਜ਼ਰੂਰਤ ਹੈ<br>ਤੁਹਾਡੇ ਰੋਜ਼ਗਾਰਦਾਤਾ ਲਈ ਤਿੰਨ ਕਾਰੋਬਾਰੀ ਦਿਨਾਂ ਦੇ ਅੰਦਰ ਤੁਹਾਡੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨਾ ਅਤੇ ਤੁਹਾਨੂੰ ਉਨ੍ਹਾਂ ਦੀ ਰਿਪੋਰਟ ਦੀ ਇੱਕ ਕਾਪੀ ਦੇਣਾ ਜ਼ਰੂਰੀ ਹੈ। | ਤੁਸੀਂ ਰੋਜ਼ਗਾਰਦਾਤਾ ਦੀ ਸੱਟ/ਬਿਮਾਰੀ ਦੀ ਰਿਪੋਰਟ (ਫਾਰਮ 7) ਜਮ੍ਹਾ ਕਰਨ ਲਈ QR ਕੋਡ ਨੂੰ ਸਕੈਨ ਕਰ ਸਕਦੇ ਹੋ ਜਾਂ **wsib.ca/reporting** 'ਤੇ ਜਾ ਸਕਦੇ ਹੋ। ਤੁਹਾਡੇ ਲਈ ਕੰਮ 'ਤੇ ਸੱਟ ਜਾਂ ਬਿਮਾਰੀ ਬਾਰੇ ਪਤਾ ਲੱਗਣ ਦੇ ਤਿੰਨ ਕਾਰੋਬਾਰੀ ਦਿਨਾਂ ਦੇ ਅੰਦਰ ਰਿਪੋਰਟ ਜਮ੍ਹਾ ਕਰਨਾ ਜ਼ਰੂਰੀ ਹੈ ਜੇਕਰ:<br>• ਤੁਹਾਡੇ ਕਰਮਚਾਰੀ ਨੂੰ ਕਿਸੇ ਸਿਹਤ ਪੇਸ਼ੇਵਰ ਤੋਂ ਇਲਾਜ ਦੀ ਲੋੜ ਹੈ, ਜਾਂ<br>• ਤੁਹਾਡਾ ਕਰਮਚਾਰੀ ਕੰਮ ਤੋਂ ਗੈਰਹਾਜ਼ਰ ਹੈ, ਜਾਂ<br>• ਤੁਹਾਡਾ ਕਰਮਚਾਰੀ ਨਿਯਮਤ ਤਨਖਾਹ ਤੋਂ ਘੱਟ ਕਮਾਈ ਕਰਦਾ ਹੈ, ਜਾਂ<br>• ਤੁਹਾਡੇ ਕਰਮਚਾਰੀ ਨੂੰ ਸੱਤ ਕੈਲੰਡਰ ਦਿਨਾਂ ਤੋਂ ਵੱਧ ਲਈ ਨਿਯਮਤ ਤਨਖਾਹ 'ਤੇ ਸੋਧੇ ਹੋਏ ਕੰਮ ਦੀ ਜ਼ਰੂਰਤ ਹੈ<br>ਤੁਹਾਨੂੰ ਆਪਣੇ ਕਰਮਚਾਰੀ ਨੂੰ ਸੱਟ ਜਾਂ ਬਿਮਾਰੀ ਦੀ ਰਿਪੋਰਟ ਦੀ ਇੱਕ ਕਾਪੀ ਜ਼ਰੂਰ ਪ੍ਰਦਾਨ ਕਰਨੀ ਚਾਹੀਦੀ ਹੈ। ਤੁਹਾਡੇ ਲਈ ਆਪਣੇ ਕਰਮਚਾਰੀ ਨੂੰ ਘਟਨਾ ਦੇ ਦਿਨ ਨੂੰ ਪੂਰੇ ਦਿਨ ਦੀ ਤਨਖਾਹ ਦਾ ਭੁਗਤਾਨ ਕਰਨਾ ਜ਼ਰੂਰੀ ਹੈ। |
| **4** **ਮਿਲ ਕੇ ਕੰਮ ਕਰੋ** | ਸੰਪਰਕ ਵਿੱਚ ਰਹੋ। ਅਸੀਂ ਤੁਹਾਡੇ ਅਤੇ ਤੁਹਾਡੇ ਰੋਜ਼ਗਾਰਦਾਤਾ ਨਾਲ ਮਿਲ ਕੇ ਤੁਹਾਨੂੰ ਰਿਕਵਰ ਹੋਣ ਅਤੇ ਸਹੀ ਸਮੇਂ 'ਤੇ ਅਤੇ ਸੁਰੱਖਿਅਤ ਢੰਗ ਨਾਲ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰਾਂਗੇ। | ਸੰਪਰਕ ਵਿੱਚ ਰਹੋ। ਅਸੀਂ ਤੁਹਾਡੇ ਅਤੇ ਤੁਹਾਡੇ ਕਰਮਚਾਰੀ ਨਾਲ ਮਿਲ ਕੇ ਤੁਹਾਨੂੰ ਰਿਕਵਰ ਹੋਣ ਅਤੇ ਸਹੀ ਸਮੇਂ 'ਤੇ ਅਤੇ ਸੁਰੱਖਿਅਤ ਢੰਗ ਨਾਲ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰਾਂਗੇ। |

ਜੇ ਫਸਟ ਏਡ ਉਹ ਇਕੱਲਾ ਇਲਾਜ ਹੈ ਜੋ ਤੁਸੀਂ ਪ੍ਰਾਪਤ ਕੀਤਾ, ਤਾਂ ਤੁਹਾਨੂੰ WSIB ਨੂੰ ਰਿਪੋਰਟ ਕਰਨ ਦੀ ਜ਼ਰੂਰਤ ਨਹੀਂ ਹੈ।

**ਨਿਸ਼ਚਿਤ ਨਹੀਂ? ਸਾਡੇ ਨਾਲ ਸੰਪਰਕ ਕਰੋ।**

## ਸਾਡੇ ਨਾਲ ਸੰਪਰਕ ਕਰੋ।

ਸਾਨੂੰ ਕਿਸੇ ਵੀ ਸਮੇਂ, ਕਿਤੇ ਵੀ ਸੁਨੇਹਾ ਭੇਜਣ ਲਈ ਸਾਡੀਆਂ ਔਨਲਾਈਨ ਸੇਵਾਵਾਂ ਲਈ ਸਾਈਨ ਅੱਪ ਕਰੋ, ਜਾਂ ਸਾਨੂੰ 1-800-387-0750 ਜਾਂ TTY: 1-800-387-0050 'ਤੇ ਕਾਲ ਕਰੋ। ਵੇਰਵਿਆਂ ਲਈ **wsib.ca/onlineservices** 'ਤੇ ਜਾਓ।

**wsib.ca/reporting**

**ਫੋਨ:** 416-344-1000

**ਟੋਲ-ਫ੍ਰੀ ਫੋਨ:** 1-800-387-0750

**TTY:** 1-800-387-0050

## ਧੋਖਾਧੜੀ ਅਤੇ ਸਿਸਟਮ ਦੀ ਦੁਰਵਰਤੋਂ ਦੀ ਰਿਪੋਰਟ ਕਰਨਾ

ਜੇ ਤੁਹਾਨੂੰ ਸ਼ੱਕ ਹੈ ਕਿ ਕਿਸੇ ਨੇ ਕੋਈ ਅਪਰਾਧ ਕੀਤਾ ਹੈ ਜਾਂ ਉਹ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਬੀਮਾ ਪ੍ਰਣਾਲੀ ਦੀ ਦੁਰਵਰਤੋਂ ਕਰ ਰਿਹਾ ਹੈ, ਜਿਸ ਵਿੱਚ WSIB ਦੇ ਦਾਅਵੇ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਸ਼ਾਮਲ ਹੈ, ਤਾਂ ਕਿਰਪਾ ਕਰਕੇ **wsib.ca/reportfraud** 'ਤੇ ਜਾਂ ਸਾਨੂੰ 1-888-745-3237 'ਤੇ ਕਾਲ ਕਰਕੇ ਗੁਪਤ ਰੂਪ ਵਿੱਚ ਰਿਪੋਰਟ ਕਰੋ।